(5)

# ਸ਼੍ਰੇਣੀ ਅੱਠਵੀਂ
# ਸੰਗੀਤ ਵਾਦਨ
## ਪੇਪਰ - ਏ

ਸਮਾਂ ਲਿਖਤੀ -3 ਘੰਟੇ
ਪ੍ਰਯੋਗੀ:20 ਮਿੰਟ (ਪ੍ਰਤੀ ਵਿਦਿਆਰਥੀ)

ਲਿਖਤੀ:-40 ਅੰਕ
ਪ੍ਰਯੋਗੀ :- 50 ਅੰਕ
ਸੀ.ਸੀ.ਈ. :-10 ਅੰਕ
ਕੁੱਲ :-100 ਅੰਕ

### ਪ੍ਰਸ਼ਨ-ਪੱਤਰ ਦੀ ਰੂਪ-ਰੇਖਾ (ਲਿਖਤੀ)

1. ਲਿਖਤੀ ਪ੍ਰਸ਼ਨ-ਪੱਤਰ ਵਿੱਚ ਕੁੱਲ 23 ਪ੍ਰਸ਼ਨ ਹੋਣਗੇ।
2. ਪ੍ਰਸ਼ਨ ਪੱਤਰ ਦੇ ਕੁੱਲ ਤਿੰਨ ਭਾਗ ਹੋਣਗੇ।

ਭਾਗ-1 ਵਿੱਚੋਂ 9 ਵਸਤੂਨਿਸ਼ਠ ਪ੍ਰਸ਼ਨ (ਪ੍ਰ. ਨੰ: 1-9) ਪੁੱਛੇ ਜਾਣਗੇ। ਹਰੇਕ ਪ੍ਰਸ਼ਨ 1 ਅੰਕ ਦਾ ਹੋਵੇਗਾ। ਹਰੇਕ ਪ੍ਰਸ਼ਨ ਦਾ ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਤੋਂ ਵੱਧ ਨਹੀ ਹੋਣਾ ਚਾਹੀਦਾ ਹੈ। 9×1=9 ਅੰਕ

ਭਾਗ- 2 ਵਿੱਚੋਂ 10 ਸੰਖੇਪਾਤਮਕ ਪ੍ਰਸ਼ਨ (ਪ੍ਰ. ਨੰ: 10-19) ਪੁੱਛੇ ਜਾਣਗੇ। ਹਰੇਕ ਪ੍ਰਸ਼ਨ 3 ਅੰਕਾਂ ਦਾ ਹੋਵੇਗਾ। ਇਹਨਾਂ 10 ਪ੍ਰਸ਼ਨਾਂ ਵਿੱਚੋ ਕੋਈ 7 ਪ੍ਰਸ਼ਨ ਕਰਨੇ ਲਾਜ਼ਮੀ ਹਨ ਜਿਨ੍ਹਾਂ ਦਾ ਉੱਤਰ 10-15 ਲਾਈਨਾਂ ਵਿੱਚ ਹੋਣਾ ਚਾਹੀਦਾ ਹੈ।

7×3=21 ਅੰਕ

ਭਾਗ-3 ਵਿੱਚੋਂ 4 ਨਿਬੰਧਾਤਮਕ ਪ੍ਰਸ਼ਨ (ਪ੍ਰ. ਨੰ: 20-23) ਪੁੱਛੇ ਜਾਣਗੇ। ਹਰੇਕ ਪ੍ਰਸ਼ਨ 5 ਅੰਕਾਂ ਦਾ ਹੋਵੇਗਾ। ਇਹਨਾਂ 4 ਪ੍ਰਸ਼ਨਾਂ ਵਿੱਚੋ ਕੋਈ 2 ਪ੍ਰਸ਼ਨ ਕਰਨੇ ਲਾਜ਼ਮੀ ਹਨ ਜਿਨ੍ਹਾਂ ਦਾ ਉੱਤਰ 150-200 ਲਾਈਨਾਂ ਵਿੱਚ ਹੋਣਾ ਚਾਹੀਦਾ ਹੈ। 5×2=10 ਅੰਕ

### ਭਾਗ ਵਾਇਜ਼ ਪ੍ਰਸ਼ਨਾਂ ਅਤੇ ਅੰਕਾਂ ਦੀ ਵੰਡ

| ਪ੍ਰਸ਼ਨਾਂ ਦੀ ਕਿਸਮ | ਅੰਕ ਪ੍ਰਤੀ ਪ੍ਰਸ਼ਨ | ਪ੍ਰਸ਼ਨਾਂ ਦੀ ਸੰਖਿਆ | ਭਾਗ ਵਾਇਸ ਪ੍ਰਸ਼ਨਾਂ ਦੀ ਵੰਡ | | ਕੁੱਲ ਅੰਕ |
|---|---|---|---|---|---|
| | | | ਭਾਗ - ੳ | ਭਾਗ - ਅ | |
| ਵਸਤੂਨਿਸ਼ਠ ਪ੍ਰਸ਼ਨ | 1 ਅੰਕ | 09 | 5 | 4 | 09 |
| ਛੋਟੇ ਉੱਤਰਾਂ ਵਾਲੇ ਪ੍ਰਸ਼ਨ | 3 ਅੰਕ | 10 | 6 | 4 | 21 |
| ਨਿਬੰਧਾਤਮਕ ਪ੍ਰਸ਼ਨ | 5 ਅੰਕ | 04 | 2 | 2 | 10 |
| ਕੁੱਲ | | 23 | 13 | 10 | 40 |

(6)

# ਮਾਡਲ ਟੈਸਟ ਪੇਪਰ

**ਭਾਗ-I : ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ ਲਿਖੋ:-**

1. ਸਮ ਲਈ ਕਿਹੜੇ ਚਿੰਨ੍ਹ ਦੀ ਵਰਤੋਂ ਕੀਤੀ ਜਾਂਦੀ ਹੈ।
2. ਭਾਤਖੰਡੇ ਥਾਟ ਪੱਧਤੀ ਵਿੱਚ ਕਿੰਨੇ ਥਾਟ ਮੰਨੇ ਗਏ ਹਨ ?
3. ਸਿਤਾਰ ਵਿੱਚ ਕਿੰਨੀਆਂ ਖੂੰਟੀਆਂ ਹੁੰਦੀਆਂ ਹਨ ?
4. ਪੰਡਤ ਰਵੀ ਸ਼ੰਕਰ ਦਾ ਜਨਮ ਕਦੋਂ ਹੋਇਆ ?
5. ਔੜਵ ਜਾਤੀ ਵਿੱਚ ਕਿੰਨੇ ਸੁਰ ਹੁੰਦੇ ਹਨ ?
6. ਰਾਗ ਭੈਰਵੀ ਦਾ ਥਾਟ ਦੱਸੋ।
7. ਇੱਕ ਤਾਲ ਵਿੱਚ ਕਿੰਨੀਆਂ ਤਾਲੀਆਂ ਲਗਦੀਆਂ ਹਨ ?
8. ਰਾਗ ਖ਼ਮਾਜ ਦਾ ਵਾਦੀ ਸੰਵਾਦੀ ਸਵਰ ਦੱਸੋ ?
9. ਝਪਤਾਲ ਵਿੱਚ ਕਿੰਨੀਆਂ ਮਾਤਰਾਵਾਂ ਹੁੰਦੀਆਂ ਹਨ ?

**[1 × 9= 9]**

**ਭਾਗ-II : ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ ਦਿਓ:-**

10. ਆਵਰਤਨ ਦੀ ਪਰਿਭਾਸ਼ਾ ਲਿਖੋ।
11. ਥਾਟ ਦੀ ਪਰਿਭਾਸ਼ਾ ਲਿਖੋ ਅਤੇ ਥਾਟ ਦੇ ਕੋਈ ਤਿੰਨ ਨਿਯਮ ਲਿਖੋ।
12. ਵਾਦਕ ਦੇ ਕੋਈ ਤਿੰਨ ਨਿਯਮ ਲਿਖੋ ?
13. ਪੰਡਤ ਵਿਸ਼ਣੂ ਨਾਰਾਇਣ ਭਾਤਖੰਡੇ ਦੀ ਸਵਰ ਅਤੇ ਤਾਲ ਲਿਪੀ ਨੂੰ ਉਦਾਹਰਣ ਸਹਿਤ ਸਮਝਾਉ।
14. ਵਾਦਕ ਦੇ ਕੋਈ ਤਿੰਨ ਔਗੁਣ ਲਿਖੋ।
15. ਰਾਗ ਦੀਆਂ ਜਾਤੀਆਂ ਨੂੰ ਵਿਸਥਾਰ ਨਾਲ ਸਮਝਾਉ।
16. ਰਾਗ ਭੈਰਵੀ ਦਾ ਪਰਿਚੈ ਲਿਖੋ।
17. ਇੱਕਤਾਲ ਨੂੰ ਠਾਹ ਲੈਅ ਵਿੱਚ ਲਿਖੋ।
18. ਰਾਗ ਖਮਾਜ ਦਾ ਆਰੋਹ ਅਵਰੋਹ ਅਤੇ ਪਕੜ ਲਿਖੋ।
19. ਝਪਤਾਲ ਦਾ ਪਰਿਚੈ ਲਿਖੋ।

**[3 × 7=21]**

**ਭਾਗ-III : ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਲਿਖੋ:-**

20. ਪੰਡਤ ਰਵੀ ਸ਼ੰਕਰ ਜੀ ਦੀ ਜੀਵਨੀ ਲਿਖੋ।
21. ਸਿਤਾਰ ਦਾ ਇਤਿਹਾਸ ਦੱਸਦੇ ਹੋਏ ਸਿਤਾਰ ਦੇ ਅੰਗਾਂ ਦਾ ਵਰਣਨ ਵੀ ਕਰੋ।
22. ਰਾਗ ਭੈਰਵੀ ਜਾਂ ਰਾਗ ਖਮਾਜ ਦੀ ਦਰੁੱਤ/ਰਜ਼ਾਖ਼ਾਨੀ ਗਤ ਲਿਖੋ।
23. ਝਪਤਾਲ ਨੂੰ ਇੱਕ ਗੁਣ ਅਤੇ ਦੁਗੁਣ ਵਿੱਚ ਲਿਖੋ।

**[5 × 2=10]**